# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

(ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ ਏ ਐਸ ਨਗਰ)

(ਦਫਤਰੀ ਅਮਲਾ ਸਾਖਾ)

ਹੁਕਮ ਨੰ ਈ ਆਫਿਸ-170386/ DPISE-MEOGENL/140/2021-ME-DPISE ਦ.ਅ(6)/ 2021176115

ਮਿਤੀ: ਐਸ ਏ ਐਸ ਨਗਰ 01-06-2021

ਸਿੱਖਿਆ ਵਿਭਾਗ ਦੇ ਅਧੀਨ ਦਫਤਰਾਂ /ਵਿਦਿਅਕ ਸੰਸਥਾ ਵਿਚ ਕੰਮ ਕਰਦੇ ਕਲਰਕਾਂ /ਜੂਨੀਅਰ ਸਹਾਇਕ ਨੂੰ ਤਤਕਾਲ ਸਮੇ ਤੇ ਤਨਖਾਹ ਸਕੇਲ 10300-34800+4400 ਦੇ ਗਰੇਡ ਵਿੱਚ ਬਤੌਰ ਸੀਨੀਅਰ ਸਹਾਇਕ ਪਦ- ਉਨਤ ਕਰਦੇ ਹੋਏ ਹੇਠ ਲਿਖੇ ਅਨੁਸਾਰ ਸੇਟਸਨ ਅਲਾਟ ਕੀਤੇ ਜਾਦੇ ਹਨ।-

| ਲੜੀ ਨੰ. | ਸੀਨੀ ਨੰ. | ਕਰਮਚਾਰੀ ਦਾ ਨਾਂ, ਅਹੁਦਾ ਅਤੇ ਸਥਾਨ | ਕੈਟਾਗਰੀ | ਜਨਮ ਮਿਤੀ | ਪਦ-ਉਨਤੀ ਉਪਰੰਤ ਅਲਾਟ ਕੀਤਾ ਸੇਟਸਨ | ਵਿਸੇਸ ਕਥਨ |
|---|---|---|---|---|---|---|
| 1 | 577 | ਹਰਪ੍ਰੀਤ ਸਿੰਘ, ਜੂਨੀਅਰ ਸਹਾਇਕ, ਸਹਸ ਕੋਟਲਾ ਸੂਰਜ ਮੱਲ (ਜਲੰਧਰ) | ਜਨਰਲ | 30.3.68 | ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈਸਿ), ਜਲੰਧਰ | ਖਾਲੀ ਥਾਂ ਤੇ |
| 2 | 579 | ਮਨਜੀਤ ਸਿੰਘ, ਜੂਨੀਅਰ ਸਹਾਇਕ, ਸਹਸ ਚੰਗਾਲ (ਸੰਗਰੂਰ) | ਜਨਰਲ | 3.10.72 | ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ), ਸੰਗਰੂਰ | ਖਾਲੀ ਥਾਂ ਤੇ |

**ਸ਼ਰਤਾਂ**

1 ਉਪਰੋਕਤ ਕਲਰਕ/ਜੂਨੀਅਰ ਸਹਾਇਕ ਦੀਆਂ ਪਦਉਨਤੀਆਂ ਮਿਤੀ 03-02-2016 ਦੇ ਪੱਤਰ ਅਨੁਸਾਰ ਤਿਆਰ ਕੀਤੀ ਗਈ ਸੀਨੀਆਰਤਾ ਸੂਚੀ ਦੇ ਅਧਾਰ ਤੇ ਕੀਤੀਆ ਗਈਆਂ ਹਨ।

2 ਸੀਨੀਅਰ ਸਹਾਇਕਾਂ ਦੀ ਅਸਾਮੀਆਂ ਵਿੱਚ ਜੇਕਰ ਕੋਈ ਅਸਾਮੀ ਘੱਟ ਜਾਂਦੀ ਹੈ ਤਾਂ ਜੂਨੀਅਰ ਕਰਮਚਾਰੀ ਨੂੰ ਬਿਨ੍ਹਾ ਕਿਸੇ ਨੋਟਿਸ ਦੇ ਕਲਰਕ /ਜੂਨੀਅਰ ਸਹਾਇਕ ਦੀ ਅਸਾਮੀ ਤੇ ਪਰਤਾ ਦਿੱਤਾ ਜਾਵੇਗਾ।

3 ਕਰਮਚਾਰੀ ਨੂੰ ਅਲਾਟ ਕੀਤੇ ਸਟੇਸ਼ਨ ਤੁਰੰਤ ਹਾਜ਼ਰ ਹੋਣਗੇ ।

4 ਇਹ ਪਦਉਨਤੀਆਂ ਇਸ ਸ਼ਰਤ ਤੇ ਕੀਤੀਆ ਜਾਂਦੀਆ ਹਨ ਕਿ ਵੱਖ-ਵੱਖ ਅਦਾਲਤਾਂ ਵਿੱਚ ਪੈਡਿੰਗ ਪਏ ਕੋਰਟ ਕੇਸਾਂ (ਜੇਕਰ ਕੋਈ ਹੋਵੇ) ਦਾ ਫੈਸਲਾ ਇਹਨਾ ਹੁਕਮਾ ਤੇ ਲਾਗੂ ਹੋਵੇਗਾ।

5 ਸੀਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਵਿੱਚ ਕੋਈ ਬਦਲਾਅ ਹੋਣ ਤੇ ਇਹਨਾ ਹੁਕਮਾਂ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

6 ਇਨ੍ਹਾ ਹੁਕਮਾਂ ਵਿੱਚ ਬਿਨ੍ਹਾ ਕਿਸੇ ਨੋਟਿਸ ਦੇ ਸੋਧ ਕਰਨ /ਰੱਦ ਕਰਨ ਦਾ ਅਧਿਕਾਰ ਸਮੱਰਥ ਅਧਿਕਾਰੀ ਕੋਲ ਰਾਖਵਾਂ ਹੋਵੇਗਾ।

7 ਪਦਉਨਤੀ ਪ੍ਰਾਪਤ ਕਰਨ ਵਾਲੇ ਕਰਮਚਾਰੀਆਂ ਦਾ ਪਰਖ ਕਾਲ ਸਮਾਂ 1 ਸਾਲ ਦਾ ਹੋਵੇਗਾ। ਇਸ ਪਰਖ ਕਾਲ ਦੇ ਸਮੇਂ ਦੌਰਾਨ ਕਰਮਚਾਰੀ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਪਾਏ ਜਾਣ ਦੀ ਸੂਰਤ ਵਿੱਚ ਪਰਖ ਕਾਲ ਸਮੇ ਵਿੱਚ ਵਾਧਾ ਕੀਤਾ ਜਾਵੇਗਾ।

8 ਸਰਕਾਰ ਦੀਆਂ ਹਦਾਇਤਾਂ ਮਿਤੀ 30-10-2015 ਦੀ ਰੋਸ਼ਨੀ ਵਿੱਚ ਕੋਈ ਵੀ ਤਬਦੀਲੀ ਹੁੰਦੀ ਹੈ ਤਾਂ ਜਾਂ ਮਾਨਯੋਗ ਹਾਈਕੋਰਟ ਵੱਲੋ ਇਨਾ ਹਦਾਇਤਾਂ ਸਬੰਧੀ ਕੋਈ ਹੁਕਮ ਜਾਂ ਨਿਰਦੇਸ਼ ਪ੍ਰਾਪਤ ਹੁੰਦੇ ਹਨ ਤਾਂ ਇਨ੍ਹਾ ਪਦਉਨਤੀਆਂ ਤੇ ਲਾਗੂ ਹੋਵੇਗਾ।

9 ਸਬੰਧਤ ਜਿਲਾ ਸਿੱਖਿਆ ਅਫਸਰ (ਸੈਸਿ) ਉਪਰੋਕਤ ਕਰਮਚਾਰੀਆਂ ਨੂੰ ਬਤੌਰ ਸੀਨੀਅਰ ਸਹਾਇਕ ਹਾਜ਼ਰ ਕਰਵਾਉਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਗੇ ਕਿ ਇਨ੍ਹਾ ਕਰਮਚਾਰੀਆਂ ਨੇ ਬਤੌਰ ਕਲਰਕ ਟਾਇਪ ਟੈਸਟ ਪਾਸ ਕੀਤਾ ਹੋਵੇ

10 ਖਾਲੀ ਅਸਾਮੀਆ ਦੀ ਗਿਣਤੀ ਵਿੱਚ ਤਬਦੀਲੀ ਹੋਣ ਦੀ ਸੂਰਤ ਵਿੱਚ ਸਭ ਤੋਂ ਹੇਠਲੇ ਕਰਮਚਾਰੀ ਨੂੰ ਬਿਨ੍ਹਾ ਕਿਸੇ ਨੋਟਿਸ ਤੋ ਹੇਠਲੀ ਅਸਾਮੀ ਵਾਪਸ ਪਰਤਾ ਦਿੱਤਾ ਜਾਵੇਗਾ।

11 Punjab Education Department Ministerial and Non-Teaching Staff(Subordinate Offices), Group C Service Rules , 2018 and Punjab Education Department Ministerial and Non-teaching Staff (Border Area Cadre) Group C Service Rules, 2018 ਦੇ ਨਿਯਮ- 7 ਵਿੱਚ ਕੀਤੇ ਉਪਬੰਧ ਅਨੁਸਾਰ ਉਮੀਦਵਾਰ ਨੂੰ ਪਦ ਉਨਤੀ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਅੰਦਰ ਵਿਭਾਗ ਵਲੋਂ ਲਈ ਜਾਣ ਵਾਲੀ ਵਿਭਾਗੀ ਪ੍ਰੀਖਿਆ

ਪਾਸ ਕਰਨੀ ਹੋਵੇਗੀ ਅਤੇ ਅਜਿਹੀ ਪ੍ਰੀਖਿਆ ਪਾਸ ਕਰਨ ਉਪਰੰਤ ਹੀ ਉਸ ਨੂੰ ਸਲਾਨਾ ਤਰੱਕੀਆਂ ਦਾ ਲਾਭ ਮਿਲਣਯੋਗ ਹੋਵੇਗਾ।

12 ਸਬੰਧਤ ਕਰਮਚਾਰੀ/ਕਰਮਚਾਰਨ ਤਰੱਕੀ ਵਾਲੇ ਸਟੇਸ਼ਨ ਤੇ ਹਾਜ਼ਰ ਹੋਣ ਦੀ ਸੂਰਤ ਵਿੱਚ ਆਪਣੀ ਤਰੱਕੀ/ਸੇਵਾ ਰਿਕਾਰਡ ਸਬੰਧੀ ਡਾਟਾ ਈ-ਪੰਜਾਬ ਪੋਰਟਲ ਤੇ ਇਸ ਪੱਤਰ ਦੇ ਜਾਰੀ ਹੋਣ ਤੋਂ 7 ਦਿਨਾਂ ਦੇ ਅੰਦਰ ਅੰਦਰ ਅਪਡੇਟ ਕਰਨਾ ਯਕੀਨੀ ਬਣਾਉਣਗੇ। ਅਲਾਟ ਕੀਤੇ ਸਟੇਸ਼ਨ ਤੇ ਹਾਜ਼ਰ ਨਾਂ ਹੋਣ ਅਤੇ ਡਾਟਾ ਅਪਲੋਡ ਨਾਂ ਕਰਨ ਦੀ ਸੂਰਤ ਵਿੱਚ ਸਬੰਧਤ ਕਰਮਚਾਰੀ /ਕਰਮਚਾਰਨ ਨੂੰ ਨਿਯਮਾਂ ਅਨੁਸਾਰ 2 ਸਾਲ ਦੇ ਸਮੇਂ ਲਈ ਡੀ-ਬਾਰ ਕਰ ਦਿੱਤਾ ਜਾਵੇਗਾ। ਮੁੜ ਸਪਸ਼ਟ ਕੀਤਾ ਜਾਂਦਾ ਹੈ ਕਿ ਡੀ-ਬਾਰ ਸਬੰਧੀ ਕਾਰਵਾਈ ਈ-ਪੰਜਾਬ ਪੋਰਟਲ ਤੇ ਉਪਲਬਧ ਡਾਟੇ ਦੇ ਅਧਾਰ ਤੇ ਹੀ ਕੀਤੀ ਜਾਵੇਗੀ।

ਸੁਖਜੀਤ ਪਾਲ ਸਿੰਘ, ਪੀ.ਸੀ.ਐਸ.
ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪਿਠ ਅੰਕਣ ਨੰ ਉਕਤ/2021176115 ਮਿਤੀ 01-06-2021

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਪੀ.ਏ. ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ
2 ਪੰਜਾਬ ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ਐਸਿ)।
3 ਸਬੰਧਤ ਸੰਸਥਾਵਾ/ਸਕੂਲ ਮੁੱਖੀ।
4 ਸਬੰਧਤ ਕਰਮਚਾਰੀ।

ਸੁਪਰਡੰਟ ਦਫਤਰੀ ਅਮਲਾ